
# ਨੌਜਵਾਨਾਂ ਅਤੇ ਗੈਂਗਾਂ ਨੂੰ ਸਮਝਣਾ



ਮਾਪਿਆਂ ਲਈ ਸੋਮਾ

# Understanding Youth and Gangs



A Parent Resource





# ਸਾਡੇ ਨੌਜਵਾਨ ਸਾਡਾ ਭਵਿੱਖ

ਤੁਹਾਡੇ ਬੱਚੇ ਤੁਹਾਡੇ ਲਈ ਸਾਰਾ ਸੰਸਾਰ ਹੁੰਦੇ ਹਨ। ਮਾਪਿਆਂ ਵਜੋਂ ਤੁਸੀਂ ਉਨ੍ਹਾਂ ਵਾਸਤੇ ਹਰ ਸੁੱਖ ਚਾਹੁੰਦੇ ਹੋ: ਪਿਆਰ ਭਰਿਆ ਉੱਜਲਾ ਭਵਿੱਖ, ਚੰਗੀ ਸਿਹਤ, ਅਤੇ ਵਧੀਆ ਮੌਕੇ। ਹਰ ਮਾਪੇ ਵਾਂਗ, ਤੁਸੀਂ ਉਨ੍ਹਾਂ ਦੀ ਕਾਮਯਾਬੀ ਲਈ ਜੋ ਵੀ ਕਰ ਸਕਦੇ ਹੋਵੋ, ਕਰਦੇ ਹੋ। ਤੁਸੀਂ ਉਨ੍ਹਾਂ ਦੀ ਦੇਖਭਾਲ ਕਰਦੇ ਹੋ, ਪਿਆਰ ਕਰਦੇ ਹੋ, ਅਤੇ ਉਨ੍ਹਾਂ ਨੂੰ ਇਹ ਗੁਣ ਖੁਦ ਆਪਣੇ ਵਿਚ ਪੈਦਾ ਕਰਨ ਲਈ ਉਤਸਾਹਤ ਕਰਦੇ ਹੋ।

ਮਾਪੇ ਹੋਣ ਵਿਚ ਇਹ ਵੀ ਸ਼ਾਮਲ ਹੈ ਕਿ ਤੁਸੀਂ ਬੱਚਿਆਂ ਨੂੰ ਸੇਧ ਦੇਵੋ ਕਿ ਉਹ ਉਨ੍ਹਾਂ ਵਰਗਲਹਾਟਾਂ (ਟੈਂਪਟੇਸ਼ਨ) ਤੋਂ ਬਚ ਸਕਣ ਜੋ ਉਨ੍ਹਾਂ ਨੂੰ ਨਾਂ-ਪੱਖੀ ਰਾਹਾਂ ਵੱਲ ਖਿੱਚ ਰਹੀਆਂ ਹੋਣ। ਜਦੋਂ ਸਾਡੇ ਬੱਚੇ ਕਿਸੇ ਗਲਤ ਪਾਸੇ ਵੱਲ ਜਾ ਰਹੇ ਹੋਣ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਜਿੰਨੀ ਵੀ ਛੇਤੀ ਸੰਭਵ ਹੋ ਸਕੇ ਇਸ ਗੱਲ ਦੀ ਪਛਾਣ ਕੀਤੀ ਜਾਵੇ ਕਿ ਉਨ੍ਹਾਂ ਨੂੰ ਉਸ ਪਾਸੇ ਜਾਣ ਤੋਂ ਕਿਸ ਤਰ੍ਹਾਂ ਰੋਕਿਆ ਜਾਵੇ।

ਬੱਚੇ ਦੇ ਕਿਸੇ ਗੈਂਗ (ਗਲਤ ਕੰਮ ਕਰਨ ਵਾਲੀ ਜੁੰਡਲੀ) ਵਿਚ ਸ਼ਾਮਲ ਹੋਣ ਦੀਆਂ ਨਿਸ਼ਾਨੀਆਂ ਨੂੰ ਪਛਾਣਣ ਬਾਰੇ ਸਿੱਖਣਾ ਸਾਰੇ ਮਾਪਿਆ ਲਈ ਫਾਇਦੇਮੰਦ ਹੋ ਸਕਦਾ ਹੈ, ਤਾਂਕਿ ਉਹ ਆਪਣੇ ਬੱਚੇ ਨੂੰ ਮੁੜ ਸਹੀ ਰਾਹ 'ਤੇ ਪਾ ਸਕਣ।

ਆਪਣੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਅਤੇ ਅਪਰਾਧੀ ਗੈਂਗਾਂ ਦੇ ਅਸਰ ਤੋਂ ਬਚਾਉਣ ਲਈ ਭਾਈਚਾਰੇ ਲਈ ਇਕੱਠੇ ਹੋ ਕੇ ਕਦਮ ਚੁੱਕਣੇ ਨਿਹਾਇਤ ਹੀ ਜ਼ਰੂਰੀ ਹਨ।

ਆਓ ਆਪਣੇ ਸਾਰੇ ਨੌਜਵਾਨਾਂ ਦੇ ਉੱਜਲ ਤੇ ਸੁਰੱਖਿਅਤ ਭਵਿੱਖ ਦੀ ਆਸ ਕਰੀਏ।

ਡਾਕਟਰ ਗੀਰਾ ਭੱਟ ਅਤੇ ਡਾਕਟਰ ਰੌਜਰ ਟਵੀਡ ਵਲੋਂ ਸੁਨੇਹਾ

ਇਕੱਠਿਆਂ ਕਦਮ ਚੁੱਕਣੇ: ਕਮਿਊਨਿਟੀ ਯੂਨੀਵਰਸਿਟੀ ਰੀਸਰਚ ਅਲਾਇੰਸ

ਮਾਇਕ ਸਹਾਇਤਾ: ਸੋਸ਼ਿਲ ਸਰਵਿਸਜ਼ ਐਂਡ ਹਿਊਮੈਨਿਟੀਜ਼ ਰੀਸਰਚ ਕਾਊਂਸਲ ਆਫ ਕੈਨੇਡਾ

# Our Youth, Our Future

**Your** children mean the world to you. As parents you want only the best for them: A bright future filled with love, health, and opportunity. Like any parent, you do all that you can to get them there. You care for them, you show them love, and you encourage them to exhibit these qualities in turn.

Parenting also involves guiding children to avoid temptations that might take them down a negative path. It is important to recognize at the earliest possible stage when our children might be exploring a negative path, and how to prevent them from wandering down it.

All parents can benefit from learning to recognize the signs of gang-involvement, so they can help their kids get back on a positive path.

It is critical for the community to act together to keep our youth safe and protected from the influences of criminal gangs.

Let us hope for a bright and safe future for all our youth.

A message from Dr. Gira Bhatt and Dr. Roger Tweed

**Acting Together: Community University Research Alliance**

Funded by the **Social Sciences and Humanities Research Council of Canada**



# ਬਲਵੰਤ ਸੰਘੇੜਾ ਵਲੋਂ ਸੁਨੇਹਾ

## ਚੇਅਰ, ਸਾਊਥ ਏਸ਼ੀਅਨ ਕਮਿਊਨਿਟੀ ਕੋਅਲੀਸ਼ਨ ਅਗੇਂਸਟ ਯੂਥ ਵਾਇਲੈਂਸ

ਆਪਣੇ ਨੌਜਵਾਨਾਂ ਨੂੰ ਸਹੀ ਰਾਹ 'ਤੇ ਪਾਈ ਰੱਖਣ ਲਈ ਸਾਊਥ ਏਸ਼ੀਅਨ ਕਮਿਊਨਿਟੀ ਕੋਅਲੀਸ਼ਨ ਅਗੇਂਸਟ ਯੂਥ ਵਾਇਲੈਂਸ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ। ਇਸ ਸਬੰਧ ਵਿਚ ਅਸੀਂ ਕਈ ਪਹਿਲਕਦਮੀਆਂ ਕੀਤੀਆਂ ਹਨ ਅਤੇ ਮੈਂ ਇਹ ਕਿਤਾਬਚਾ ਪੇਸ਼ ਕਰ ਕੇ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਜੋ ਕਿ ਸਾਡੇ ਸਹਿਯੋਗੀਆਂ, ਕੰਬਾਈਂਡ ਫੋਰਸਸ ਸਪੈਸ਼ਲ ਇਨਫੋਰਸਮੈਂਟ ਯੂਨਿਟ-ਬੀ ਸੀ ਅਤੇ ਐਕਟਿੰਗ ਟੂਗੈਦਰ ਕਮਿਊਨਿਟੀ ਯੂਨੀਵਰਸਿਟੀ ਰੀਸਰਚ ਅਲਾਇੰਸ ਪਰਾਜੈਕਟ, ਕਵਾਂਟਲਿਨ ਪੌਲਿਟਿਕਨਿਕ ਯੂਨੀਵਰਸਿਟੀ ਵਲੋਂ ਸਾਂਝੀ ਕੋਸ਼ਿਸ਼ ਹੈ।


ਸਕੂਲ ਵਿਚ ਮਨੋਵਿਗਿਆਨੀ ਵਜੋਂ ਸਰਗਰਮ ਸਮੇਂ ਦੌਰਾਨ ਮੈਨੂੰ ਨੌਜਵਾਨਾਂ, ਮਾਪਿਆਂ ਅਤੇ ਅਧਿਆਪਕਾਂ ਨਾਲ ਨੇੜੇ ਹੋ ਕੇ ਕੰਮ ਕਰਨ ਦਾ ਮੌਕਾ ਮਿਲਿਆ। ਇਕ ਮਸਲਾ ਜਿਸ ਨੇ ਮੈਨੂੰ ਇਕ ਮਾਪੇ ਵਜੋਂ ਅਤੇ ਹੁਣ ਇਕ ਦਾਦੇ ਵਜੋਂ ਸਭ ਤੋਂ ਵੱਧ ਫਿਕਰਮੰਦ ਕੀਤਾ ਹੈ ਉਹ ਹੈ ਸਾਡੇ ਨੌਜਵਾਨਾਂ ਦੀਆਂ ਖਤਰਨਾਕ ਨਸ਼ਿਆਂ ਦੇ ਵਪਾਰ ਅਤੇ ਬੇਹੂਦਾ ਗੈਂਗ ਹਿੰਸਾ ਰਾਹੀਂ ਪੈਣ ਵਾਲਾ ਜ਼ਿੰਦਗੀਆਂ ਦਾ ਦੁਖਾਂਤਕ ਘਾਟਾ।

ਨੌਜਵਾਨਾਂ ਨੂੰ ਹਿੰਸਾ ਅਤੇ ਗੈਂਗਾਂ ਵਿਚ ਸ਼ਾਮਲ ਹੋਣ ਦੇ ਰਾਹ ਤੋਂ ਹਟਾਉਣ ਲਈ ਜ਼ਰੂਰੀ ਹੈ ਕਿ ਅਸੀਂ ਮਾਪਿਆਂ, ਅਧਿਆਪਕਾਂ, ਅਤੇ ਭਾਈਚਾਰੇ ਦੇ ਮੈਂਬਰਾਂ ਵਜੋਂ ਲੋੜੀਂਦੀ ਜਾਣਕਾਰੀ ਰੱਖੀਏ ਅਤੇ ਕਦਮ ਚੁੱਕਦੇ ਰਹੀਏ ਤਾਂਕਿ ਆਪਣੇ ਨੌਜਵਾਨਾਂ ਨੂੰ ਗੈਂਗਾਂ ਦੇ ਅਸਰ ਤੋਂ ਬਚਾਅ ਸਕੀਏ। ਆਪਣੇ ਸੂਬੇ ਵਿਚ ਅਪਰਾਧੀ ਗੈਂਗਾਂ ਕਿਸ ਤਰ੍ਹਾਂ ਕੰਮ ਕਰਦੀਆਂ ਹਨ ਅਤੇ ਨੌਜਵਾਨਾਂ ਨੂੰ ਕਿਸ ਤਰ੍ਹਾਂ ਆਪਣੇ ਕੰਮ ਵਿਚ ਲਾਉਂਦੀਆਂ ਹਨ ਬਾਰੇ ਵਰਤਣਯੋਗ ਜਾਣਕਾਰੀ ਮੁਹੱਈਆ ਕਰਨ ਲਈ ਇਹ ਕਿਤਾਬਚਾ ਤਿਆਰ ਕੀਤਾ ਗਿਆ ਹੈ। ਇਸ ਤੋਂ ਵੀ ਮਹੱਤਵਪੂਰਨ ਗੱਲ ਹੈ ਕਿ ਇਹ ਕਿਤਾਬਚਾ ਨੌਜਵਾਨਾਂ ਵਿਚ ਗੈਂਗ ਵਿਚ ਸ਼ਮੂਲੀਅਤ ਦੀਆਂ ਅਗੇਤੀਆਂ ਨਿਸ਼ਾਨੀਆਂ ਦੇਖਣ/ਪੜ੍ਹਨ ਲਈ ਸੇਧ ਦਿੰਦਾ ਹੈ।

ਮੈਂ ਆਸਵੰਦ ਹਾਂ ਕਿ ਆਪਣੀਆਂ ਸਾਂਝੀਆਂ ਕੋਸ਼ਿਸ਼ਾਂ ਅਤੇ ਸਾਂਝੇ ਸੋਮੇ, ਜਿਵੇਂ ਕਿ ਇਹ ਕਿਤਾਬਚਾ, ਸਾਰਿਆਂ ਵਾਸਤੇ ਸੁਰੱਖਿਅਤ ਭਾਈਚਾਰਾ ਕਾਇਮ ਕਰਨ ਵਿਚ ਸਾਡੀ ਸਹਾਇਤਾ ਕਰੇਗਾ।







# Message from Balwant Sanghera

## Chair, South Asian Community Coalition Against Youth Violence

**The** South Asian Community Coalition Against Youth Violence continues to work hard in keeping our youth on the right track. In this regard we have undertaken several initiatives, and I am very pleased to present this booklet which is a collaboration between our partners, the Combined Forces Special Enforcement Unit-BC and the Acting Together Community University Research Alliance project, Kwantlen Polytechnic University.

During my active career as a school psychologist, I had the opportunity to work closely with youth, parents, and teachers. One issue that has caused the biggest concern to me as a parent and now as a grandparent is the tragic loss of our youth to the menace of the dangerous drugs trade and senseless gang violence.

Preventing youth from following the path of violence and gang involvement requires that we as parents, teachers, and community members remain informed and proactive to protect our youth from gang influences. This booklet has been created to provide useful information about how criminal gangs operate and recruit youth in our province. Importantly it provides guidelines on how to read the early signs of gang involvement.

I remain optimistic that our collaborative efforts and shared resources such as this booklet will help us create a safe community for all.

# ਕੈਵਿਨ ਹੈਕਟ ਵਲੋਂ ਸੁਨੇਹਾ



## ਚੀਫ ਆਫੀਸਰ, ਕੰਬਾਈਂਡ ਫੋਰਸਸ ਸਪੈਸ਼ਲ ਇਨਫੋਰਸਮੈਂਟ ਯੂਨਿਟ–ਬੀ ਸੀ

ਬ੍ਰਿਟਿਸ਼ ਕੋਲੰਬੀਆ ਦੇ ਕੰਬਾਈਂਡ ਫੋਰਸਸ ਸਪੈਸ਼ਲ ਇਨਫੋਰਸਮੈਂਟ ਯੂਨਿਟ ਦੇ ਚੀਫ ਵਜੋਂ ਮੇਰਾ ਸੁਭਾਗ ਹੈ ਕਿ ਮੈਂ ਆਪਣੇ ਸੂਬੇ ਭਰ ਵਿਚੋਂ ਜਥੇਬੰਦ ਅਪਰਾਧ ਅਤੇ ਗੈਂਗ ਹਿੰਸਾ ਨੂੰ ਦਬਾਉਣ ਲਈ ਪ੍ਰਤੀਬੱਧ 400 ਅਫਸਰਾਂ ਅਤੇ ਸਮਾਜ ਦੇ ਵਿਅਕਤੀਆਂ ਦਾ ਨੇਤਾ ਹਾਂ। ਜਿਵੇਂ ਕਿ ਅਸੀਂ ਬਹੁਤ ਵਾਰ ਦੇਖਿਆ ਹੈ ਜੋ ਗੈਂਗਾਂ ਅਤੇ ਜਥੇਬੰਦ ਅਪਰਾਧ ਵਿਚ ਲੱਗੇ ਹੋਏ ਹੁੰਦੇ ਹਨ ਉਨ੍ਹਾਂ ਨੂੰ ਲੋਕਾਂ ਦੀ ਸੁਰੱਖਿਅਤਾ ਬਾਰੇ ਕਿਸੇ ਕਿਸਮ ਦਾ ਕੋਈ ਵੀ ਫਿਕਰ ਨਹੀਂ ਹੁੰਦਾ ਅਤੇ ਜਦੋਂ ਉਨ੍ਹਾਂ ਦੇ ਆਪਸੀ ਝਗੜੇ ਪੈਦਾ ਹੁੰਦੇ ਹਨ ਉਹ ਸਾਨੂੰ ਸਾਰਿਆਂ ਨੂੰ ਹੀ ਖਤਰੇ ਵਿਚ ਪਾ ਦੇਂਦੇ ਹਨ।

ਗੈਂਗਾਂ ਅਤੇ ਗੈਂਗਾਂ ਨਾਲ ਸਬੰਧਤ ਹਿੰਸਾ ਨਸਲੀ ਪਿਛੋਕੜ (ਐਥਨੀਸਿਟੀ), ਸਮਾਜਿਕ-ਆਰਥਿਕ ਦਰਜਾ ਅਤੇ ਭੁਗੋਲਿਕ ਪਿਛੋਕੜ ਤੋਂ ਅਗਾਂਹ ਜਾਂਦੀ ਹੈ। ਗੈਂਗਾਂ ਨਾਲ ਸਬੰਧਤ ਹੁੰਦੇ ਕਤਲ ਅਸੀਂ ਬੀ ਸੀ ਭਰ ਵਿਚ ਪਬਲਿਕ ਥਾਵਾਂ 'ਤੇ ਹਰ ਜਗ੍ਹਾ ਦੇਖੇ ਹਨ, ਕੋਈ ਵੀ ਸ਼ਹਿਰ ਗੈਂਗਾਂ ਦੇ ਅਸਰ ਤੋਂ ਬਚਿਆ ਨਹੀਂ ਰਹਿ ਸਕਦਾ। ਪੁਲਸ ਨੂੰ, ਭਾਈਚਾਰੇ ਨੂੰ, ਅਤੇ ਮੈਨੂੰ ਯਕੀਨ ਹੈ ਕਿ ਤੁਹਾਨੂੰ ਵੀ ਇਹ ਗੱਲ ਨਾ-ਮਨਜ਼ੂਰ ਹੋਵੇਗੀ।

ਮੈਨੂੰ ਆਸ ਹੈ ਕਿ ਇਹ ਕਿਤਾਬਚਾ ਤੁਹਾਨੂੰ ਇਸ ਗੱਲ ਬਾਰੇ ਬਿਹਤਰ ਸਮਝ ਪ੍ਰਦਾਨ ਕਰੇਗਾ ਕਿ ਤੁਸੀਂ ਸਾਡੇ ਨਾਲ ਮਿਲ ਕੇ ਗੈਂਗਾਂ ਦੀ ਖਿੱਚ ਅਤੇ ਗੈਂਗ ਹਿੰਸਾ ਦੇ ਖਿਲਾਫ ਕਿਸ ਤਰ੍ਹਾਂ ਲੜ ਸਕਦੇ ਹੋ। ਗੈਂਗਾਂ ਅਤੇ ਜਥੇਬੰਦਕ ਅਪਰਾਧ ਵਿਰੁੱਧ ਪੁਲਸ ਇਕੱਲਿਆ ਨਹੀਂ ਲੜ ਸਕਦੀ, ਅਤੇ ਸਾਡੀ ਗੈਂਗਾਂ ਵਿਰੁੱਧ ਸਾਂਝੀ ਲੜਾਈ ਵਿਚ ਹਰ ਕੋਈ ਭੂਮਿਕਾ ਨਿਭਾਅ ਸਕਦਾ ਹੈ, ਖਾਸ ਕਰ ਜਦੋਂ ਦਖਲਅੰਦਾਜ਼ੀ ਅਤੇ ਬਚਾਅ ਦੀ ਗੱਲ ਹੁੰਦੀ ਹੈ। ਭਾਈਚਾਰੇ ਪੁਲਸ ਨਾਲ ਮਿਲ ਕੇ ਕੰਮ ਕਰਨ ਅਤੇ ਪੁਲਸ ਭਾਈਚਾਰੇ ਨਾਲ ਮਿਲ ਕੇ ਕੰਮ ਕਰੇ ਤਾਂ ਹੀ ਅਸੀਂ ਆਪਣੇ ਜਵਾਨ ਲੋਕਾਂ ਦੇ ਜੀਵਨ ਉੱਪਰ ਸਭ ਤੋਂ ਵਧ ਅਸਰ ਪਾ ਸਕਦੇ ਹਾਂ।

ਇਹ ਕਿਤਾਬਚਾ ਪੜ੍ਹ ਕੇ ਤੁਸੀਂ ਪਹਿਲਾ ਜ਼ਰੂਰੀ ਕਦਮ ਪੁੱਟ ਲਿਆ ਹੈ ਗੈਂਗਾਂ ਦੇ ਮਸਲੇ ਨੂੰ ਸਮਝਣ ਅਤੇ ਖਤਰੇ ਦੀਆਂ ਨਿਸ਼ਾਨੀਆਂ ਨੂੰ ਪਛਾਨਣ ਦੀ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ। ਮੈਂ ਤੁਹਾਨੂੰ ਇਸ ਗੱਲ ਲਈ ਹੱਲਾਸ਼ੇਰੀ ਦਿੰਦਾ ਹਾਂ ਕਿ ਤੁਸੀਂ ਇਹ ਕਿਤਾਬਚਾ ਤੇ ਇਸ ਵਿਚਲੀ ਜਾਣਕਾਰੀ ਆਪਣੇ ਪਰਿਵਾਰ ਅਤੇ ਮਿੱਤਰਾਂ ਨਾਲ ਸਾਂਝੀ ਕਰੋ।

# Message from Kevin Hackett



## Chief Officer, Combined Forces Special Enforcement Unit–BC

**As** the Chief Officer of the Combined Forces Special Enforcement Unit of British Columbia, I am privileged to lead a team of 400 officers and civilians who are committed to the suppression of organized crime and gang violence throughout our province. As we have seen too often, those involved in gangs and organized crime have a callous disregard for the safety of others and when disputes between them arise, it puts us all at risk.

Gangs and gang violence transcend ethnicity, socio-economic status, and geography. We have seen gang murders take place in public places across B.C. and no city is immune to the effects of gangs. This is unacceptable to me, the police community, and I am sure, to you as well.

I hope this booklet gives you a better understanding of how you can join us to fight the lure of gangs and gang violence in our communities. The police cannot fight gangs and organized crime alone, and there is a role for everyone to play in our collective fight against gangs, especially when it comes to intervention and prevention. Communities working with the police and police with communities are how we are going to have the biggest impact in the lives of our young people.

In reading this booklet you have taken an important first step to playing a significant part in understanding the issue of gangs and recognizing the warning signs. I encourage you to share this booklet and the information contained in it with your family and friends.



5




# Why do criminal gangs target young teenagers to participate in their gang activities?

Criminal gangs make money from the sale of illegal drugs such as cocaine, ecstasy, and marijuana. To keep their trade flourishing they need to make sure that these drugs remain in demand and are available to those who want to use them.

Once a cargo of drugs arrives, the gangsters need 'sales agents'—those who will pick up small packages from the middlemen and deliver them to drug consumers.

Since the older gangsters do not want to be caught by police while delivering drugs, they target teenage youth, most of whom do not have any history of criminal involvement. If caught by the police, the amount of drugs in their possession is generally minimal and therefore any criminal conviction may result in a more lenient sentence and possibly no jail time.

In B.C., criminal gangs are known to recruit young men around the age of 16 who have their driver's license. Like typical teenagers, the youth are open to adventure and are willing to try out new and dangerous ways of living. The lure of making quick money on the side can be very tempting for this age group. Also, the risk may not seem huge given that all they need to do is pick up a small package and deliver it to a designated location.

**Persuading a youth to take that first step of accepting and delivering a drug package is the beginning of a dangerous path that leads to gang involvement.**



# ਅਪਰਾਧੀ ਗੈਂਗਾਂ ਨੌਜਵਾਨਾਂ ਨੂੰ ਆਪਣੀਆਂ ਗੈਂਗ ਨਾਲ ਸਬੰਧਤ ਕਾਰਵਾਈਆਂ ਵਿਚ ਹਿੱਸਾ ਲੈਣ ਲਈ ਕਿਉਂ ਨਿਸ਼ਾਨਾ ਬਣਾਉਂਦੀਆਂ ਹਨ?

ਅਪਰਾਧੀ ਗੈਂਗਾਂ ਗੈਰ-ਕਾਨੂੰਨੀ ਨਸ਼ਿਆਂ, ਜਿਵੇਂ ਕੋਕੇਨ, ਐਕਸਟੇਸੀ, ਅਤੇ ਮੈਰੋਵਾਨਾ ਦੀ ਵਿਕਰੀ ਤੋਂ ਪੈਸਾ ਬਣਾਉਂਦੀਆਂ ਹਨ। ਆਪਣੇ ਵਪਾਰ ਨੂੰ ਚਲਦਾ ਰੱਖਣ ਲਈ ਉਨ੍ਹਾਂ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਇਹ ਪੱਕ ਕਰਨ ਕਿ ਇਹ ਨਸ਼ਿਆਂ ਦੀ ਲੋੜ ਕਾਇਮ ਰਹੇ ਅਤੇ ਜੋ ਇਨ੍ਹਾਂ ਨੂੰ ਵਰਤਣਾ ਚਾਹੁਣ ਉਨ੍ਹਾਂ ਤੱਕ ਇਹ ਪਹੁੰਚਦੀਆਂ ਰਹਿਣ।

ਜਦੋਂ ਨਸ਼ਿਆਂ ਦੀ ਖੇਪ (ਕਾਰਗੋ) ਬਾਹਰੋਂ ਆਉਂਦੀ ਹੈ ਤਾਂ ਗੈਂਗਸਟਰਾਂ ਨੂੰ 'ਸੇਲਜ਼ ਏਜੰਟਾਂ' ਦੀ ਲੋੜ ਪੈਂਦੀ ਹੈ ਜਿਹੜੇ ਵਿਚੋਲੇ (ਮਿਡਲਮੈਨ) ਕੋਲੋਂ ਪੁੜੀਆਂ (ਪੈਕੇਜ) ਚੁੱਕ ਕੇ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਤੱਕ ਪਹੁੰਚਾਉਣ।

ਸਿਆਣੀ ਉਮਰ ਦੇ ਗੈਂਗਸਟਰ ਆਪ ਇਹ ਨਸ਼ੇ ਪਹੁੰਚਾਉਂਦੇ ਪੁਲਸ ਦੇ ਕਾਬੂ ਨਹੀਂ ਆਉਣਾ ਚਾਹੁੰਦੇ ਇਸ ਲਈ ਉਹ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਜਿਨ੍ਹਾਂ ਵਿਚੋਂ ਬਹੁਤਿਆਂ ਦਾ ਅਪਰਾਧ ਵਿਚ ਸ਼ਾਮਲ ਹੋਣ ਦਾ ਪਹਿਲਾਂ ਕੋਈ ਇਤਿਹਾਸ ਨਹੀਂ ਹੁੰਦਾ। ਜੇ ਉਹ ਪੁਲਸ ਦੇ ਹੱਥ ਆ ਜਾਣ, ਤਾਂ ਉਨ੍ਹਾਂ ਕੋਲੋਂ ਫੜੀ ਗਈ ਨਸ਼ੇ ਦੀ ਮਿਕਦਾਰ ਆਮ ਤੌਰ 'ਤੇ ਥੋੜ੍ਹੀ ਹੁੰਦੀ ਹੈ ਇਸ ਕਰਕੇ ਉਨ੍ਹਾਂ ਉੱਪਰ ਲੱਗੇ ਅਪਰਾਧ ਦੇ ਦੋਸ਼ ਦੀ ਸਜ਼ਾ ਘੱਟ ਹੁੰਦੀ ਹੈ ਤੇ ਜੇਲ ਦੀ ਸੰਭਾਵਨਾ ਵੀ ਨਹੀਂ ਹੁੰਦੀ।

ਬੀ ਸੀ ਵਿਚ ਅਪਰਾਧੀ ਗੈਂਗਾਂ ਬਾਰੇ ਇਹ ਜਾਣਕਾਰੀ ਹੈ ਕਿ ਉਹ 16 ਕੁ ਸਾਲ ਦੀ ਉਮਰ ਦੇ ਨੌਜਵਾਨ ਮੁੰਡਿਆਂ ਨੂੰ ਭਰਤੀ ਕਰਦੀਆਂ ਹਨ ਜਿਨ੍ਹਾਂ ਕੋਲ ਕਾਰ ਚਲਾਉਣ ਦਾ ਲਸੰਸ ਹੁੰਦਾ ਹੈ। ਕਿਸ਼ੋਰ ਉਮਰ (ਟੀਨਏਜਰ) ਦੇ ਆਮ ਜਵਾਨਾਂ ਵਾਂਗ ਇਸ ਉਮਰੇ ਉਹ ਜੀਵਨ ਵਿਚ ਤਜਰਬੇ ਕਰਨ ਲਈ ਤਤਪਰ ਹੁੰਦੇ ਹਨ ਤੇ ਜੀਣ ਦੇ ਨਵੇਂ ਤੇ ਖਤਰਨਾਕ ਤਰੀਕੇ ਅਪਣਾ ਕੇ ਦੇਖਣਾ ਚਾਹੁੰਦੇ ਹੁੰਦੇ ਹਨ। ਇਸ ਉਮਰ ਦੇ ਮੁੰਡਿਆਂ ਲਈ ਛੇਤੀ ਨਾਲ ਬਹੁਤ ਸਾਰੇ ਪੈਸੇ ਕਮਾ ਲੈਣ ਦੀ ਖਾਹਿਸ਼ ਵੀ ਉਨ੍ਹਾਂ ਨੂੰ ਉਕਸਾ ਸਕਦੀ ਹੈ। ਨਾਲ ਹੀ ਇਸ ਕੰਮ ਲਈ ਖਤਰਾ ਵੀ ਕੋਈ ਏਨਾ ਵੱਡਾ ਨਹੀਂ ਲਗਦਾ ਕਿਉਂਕਿ ਉਨ੍ਹਾਂ ਨੇ ਸਿਰਫ ਇਕ ਛੋਟਾ ਜਿਹਾ ਲਫਾਫਾ (ਪੈਕੇਜ) ਇਕ ਥਾਂ ਤੋਂ ਚੁੱਕ ਕੇ ਕਿਸੇ ਮਿੱਥੇ ਥਾਂ ਤੱਕ ਹੀ ਪਹੁੰਚਾਉਣਾ ਹੁੰਦਾ ਹੈ।

ਕਿਸੇ ਜਵਾਨ ਨੂੰ ਨਸ਼ੇ ਦਾ ਲਫਾਫਾ ਲੈ ਕੇ ਮਿੱਥੇ ਥਾਂ 'ਤੇ ਪਹੁੰਚਾਉਣ ਲਈ ਰਾਜੀ ਕਰਨਾ ਉਸ ਦੀ ਗੈਂਗ ਵਿਚ ਸ਼ਮੂਲੀਅਤ ਵੱਲ ਪੁੱਟਿਆ ਪਹਿਲਾ ਕਦਮ ਹੁੰਦਾ ਹੈ।

# ਅਪਰਾਧੀ ਗੈਂਗ ਵਿਚ ਵੜਨ ਲਈ ਪਹਿਲਾ ਕਦਮ:

## ਇਹ ਡਾਇਲ-ਏ-ਡੋਪ ਦੀ ਪੱਧਰ 'ਤੇ ਸ਼ੁਰੂ ਹੁੰਦਾ ਹੈ।

» ਡਾਇਲ-ਏ-ਡੋਪਰ ਉਹ ਵਿਅਕਤੀ ਹੁੰਦਾ ਹੈ ਜਿਹੜਾ ਦਿਨ ਜਾਂ ਰਾਤ ਵੇਲੇ ਕਿਸੇ ਵਿਸ਼ੇਸ਼ ਥਾਂ 'ਤੇ ਨਸ਼ੇ ਪਹੁੰਚਾਉਂਦਾ ਹੈ।

» ਡਾਇਲ-ਏ-ਡੋਪਰ ਆਮ ਤੌਰ 'ਤੇ ਕਿਸ਼ੋਰ ਉਮਰ ਦਾ ਜਾਂ ਜਵਾਨ ਬਾਲਗ ਹੁੰਦਾ ਹੈ ਜਿਸ ਕੋਲ ਵਰਤਣ ਲਈ ਕਾਰ ਹੁੰਦੀ ਹੈ।

» ਇਹ ਕੰਮ ਪੀਜ਼ਾ ਡਲਿਵਰ ਕਰਨ ਦੇ ਕੰਮ ਵਾਂਗ ਹੀ ਹੁੰਦਾ ਹੈ। ਜਵਾਨ ਵਿਅਕਤੀ ਨੂੰ ਗੈਂਗਸਟਰਾਂ ਵਲੋਂ ਘੱਟੋ ਘੱਟ ਇਕ ਸੈੱਲ ਫੋਨ ਦਿੱਤਾ ਜਾਂਦਾ ਹੈ। ਜਿਹੜੇ ਗਾਹਕਾਂ ਨੂੰ - ਨਸ਼ੇ ਦੀ ਲੋੜ ਹੁੰਦੀ ਹੈ - ਉਹ ਸਿਰਫ ਇਕ ਫੋਨ ਨੰਬਰ ਘੁਮਾਉਂਦੇ ਹਨ। ਜਵਾਨ ਉਸ ਫੋਨ ਕਾਲ ਦਾ ਜਵਾਬ ਦਿੰਦਾ ਹੈ ਤੇ ਫੇਰ ਉਹ ਆਪਣੀ ਕਾਰ ਵਿਚ 'ਕਾਹਲੀ ਨਾਲ ਕਰਨ ਵਾਲਾ ਕੰਮ' ਕਰਦਾ ਹੈ ਜਾਂ ਕਰਦੀ ਹੈ ਤੇ ਜਿਹੜੇ ਥਾਂ 'ਤੇ ਦੱਸਿਆ ਗਿਆ ਹੁੰਦਾ ਹੈ ਉੱਥੇ ਉਹ ਨਸ਼ੇ ਪਹੁੰਚਾ ਦਿੰਦੇ ਹਨ।

» ਬਹੁਤੀ ਵਾਰੀ ਡਾਇਲ-ਏ-ਡੋਪਰ ਨੂੰ ਫੋਨ ਕਰਨ ਦੇ ਅੱਧੇ ਘੰਟੇ ਤੋਂ ਘੰਟੇ ਤੱਕ ਦੇ ਸਮੇਂ ਵਿਚ ਨਸ਼ੇ ਥਾਂ ਸਿਰ ਪਹੁੰਚਦੇ ਕਰ ਦਿੱਤੇ ਜਾਂਦੇ ਹਨ।

ਰੀਲੋਡਰ ਉਹ ਵਿਅਕਤੀ ਹੁੰਦੇ ਹਨ ਜੋ ਡਾਇਲ-ਏ-ਡੋਪਰ ਨੂੰ ਨਸ਼ੇ ਮੁਹੱਈਆ ਕਰਦੇ ਹਨ। ਡਾਇਲ-ਏ-ਡੋਪਿੰਗ ਦੀ ਕਾਰਵਾਈ ਦੀ ਮਿਕਦਾਰ 'ਤੇ ਅਧਾਰਤ ਰੀਲੋਡਰ ਦੁਆਰਾ ਮੁਹੱਈਆ ਕੀਤੇ ਨਸ਼ੇ ਇਕ ਦਿਨ ਵਿਚ 1500 ਡਾਲਰ ਤੱਕ ਦਾ ਧੰਦਾ ਕਰ ਸਕਦੇ ਹਨ। ਰੀਲੋਡਰ ਅਕਸਰ ਨਸ਼ਿਆਂ ਦੀ ਸਪਲਾਈ ਇਕ ਸੁਰੱਖਿਅਤ ਘਰ ਤੋਂ ਕਰਦੇ ਹਨ।

ਸੁਰੱਖਿਅਤ ਘਰ ਆਮ ਤੌਰ 'ਤੇ ਉਨ੍ਹਾਂ ਵਿਅਕਤੀਆਂ ਦੁਆਰਾ ਕਿਰਾਏ 'ਤੇ ਲਏ ਹੁੰਦੇ ਹਨ ਜਿਨ੍ਹਾਂ ਨੂੰ ਆਪਣੇ ਨਾਂਅ 'ਤੇ ਜਾਂ ਕਿਸੇ ਪਰਿਵਾਰ ਦੇ ਵਿਅਕਤੀ ਦੇ ਨਾਂਅ 'ਤੇ ਅਜਿਹਾ ਕਰਨ ਲਈ ਥੋੜ੍ਹੀ ਜਿਹੀ ਫੀਸ ਦਿੱਤੀ ਜਾਂਦੀ ਹੈ, ਜਿਨ੍ਹਾਂ ਨੂੰ ਬਹੁਤੀ ਵਾਰੀ ਪਤਾ ਵੀ ਨਹੀਂ ਹੁੰਦਾ ਕਿ ਘਰ ਵਿਚ ਕੀ ਹੋ ਰਿਹਾ ਹੁੰਦਾ ਹੈ। ਘਰ ਅਕਸਰ ਖਾਲੀ ਹੁੰਦੇ ਹਨ ਤੇ ਉੱਥੇ ਕੁਝ ਵੀ ਅਜਿਹਾ ਨਹੀਂ ਹੁੰਦਾ ਜਿਹਦਾ ਸਬੰਧ ਗੈਂਗ ਵਿਚ ਸ਼ਾਮਲ ਵਿਅਕਤੀ ਨਾਲ ਜੋੜਿਆ ਜਾ ਸਕਦਾ ਹੋਵੇ।





# The First Step into Criminal Gangs:

## It begins with the **Dial-a-Dope** stage.

» A Dial-a-Doper is an individual who delivers drugs to specific locations day or night.

» A Dial-a-Doper is typically a teenager or young adult who has access to a vehicle.

» It works very much like a pizza delivery service. The youth gets at least one cell phone from the gangster group. The customers–who need drugs–simply dial a phone number. The youth answers that call, and then runs a 'quick errand' in his or her car to deliver the drugs to the address or location provided.

» The drugs are usually delivered within a half an hour to one hour of the call made to the Dial-a-Doper. Customers/drug users are provided with a phone number for them to call to order drugs.

**Reloaders** are individuals who supply the drugs to the Dial-a-Dopers. Depending on the amount of activity in Dial-a-Doping, a drug line run by a reloader can bring in as much as $1500 per day. Reloaders often supply drugs from a safe house.


**Safe houses** are typically rented by individuals who are paid a nominal fee to do so in their own names or even family members who are likely unaware of what is happening in the house. The premises are usually empty and nothing in the location ties any gang-involved individual to it.

## Youth Protection Zone

Parents and community can keep youth in this zone.

**People who are at the top of the gangs are usually older.** Their main job is to coordinate the transportation of drugs and weapons, the distribution of money, and to contract people to maintain the import, export, buying, and selling of drugs.

Additionally, they also hire people for extortions and kidnapping to force repayment of debts from lower level gang members, including the young Dial-a-Dopers.





## ਜਵਾਨਾਂ ਦੇ ਬਚਾਅ ਦਾ ਇਲਾਕਾ

ਮਾਪੇ ਅਤੇ ਭਾਈਚਾਰਾ ਜਵਾਨਾਂ ਨੂੰ ਇਸ ਇਲਾਕੇ ਵਿਚ ਰੱਖ ਸਕਦੇ ਹਨ

ਗੈਂਗ ਦੇ ਉੱਪਰਲੇ ਆਗੂ ਆਮ ਤੌਰ 'ਤੇ ਵੱਡੀ ਉਮਰ ਦੇ ਹੁੰਦੇ ਹਨ। ਉਨ੍ਹਾਂ ਦਾ ਮੁੱਖ ਕੰਮ ਨਸ਼ਿਆਂ ਦੀ ਅਤੇ ਹਥਿਆਰਾਂ ਦੀ ਢੋਆ ਢੁਆਈ, ਪੈਸੇ ਦੀ ਵੰਡ, ਅਤੇ ਲੋਕਾਂ ਨਾਲ ਸੰਪਰਕ ਰੱਖਣਾ ਤਾਂ ਕਿ ਨਸ਼ਿਆਂ ਨੂੰ ਬਾਹਰੋਂ ਲਿਆਉਣ, ਭੇਜਣ, ਖ਼ੀਦਣ, ਵੇਚਣ ਦਾ ਕੰਮ ਲਗਾਤਾਰ ਚਲਦਾ ਰਹੇ।

ਇਸ ਦੇ ਨਾਲ ਹੀ, ਉਹ ਉਨ੍ਹਾਂ ਲੋਕਾਂ ਨੂੰ ਵੀ ਕੰਮ ਲਈ ਰੱਖਦੇ (ਹਾਇਰ ਕਰਦੇ) ਹਨ ਜੋ ਦੂਜਿਆਂ ਨੂੰ ਉਧਾਲ ਸਕਣ, ਡਰਾ ਧਮਕਾ ਸਕਣ ਤਾਂ ਕਿ ਥੱਲੇ ਦੀ ਪੱਧਰ ਦੇ ਗੈਂਗ ਮੈਂਬਰਾਂ ਸਣੇ ਡਾਇਲ-ਏ-ਡੋਪਰਾਂ ਤੋਂ ਕਰਜ਼ਾ ਵਾਪਸ ਲਿਆ ਜਾ ਸਕੇ।




CANADA



# ਹੇਠਾਂ ਦਿੱਤੇ ਤੱਥ ਪੁਲਸ ਵਿਭਾਗ ਵਲੋਂ ਗ਼ਲੀਆਂ (ਸਟਰੀਟ) ਦੀ ਪੱਧਰ ’ਤੇ ਕੰਮ ਕਰਨ ਵਾਲੇ ਡਾਇਲ-ਏ-ਡੋਪ ਵਿਚ ਲੱਗੇ ਨੌਜਵਾਨਾਂ ਦੇ ਸੰਪਰਕ ਰਾਹੀਂ ਇਕੱਤਰ ਕੀਤੇ ਗਏ ਹਨ:

» ਡਾਇਲ-ਏ-ਡੋਪਰ (ਨਸ਼ਾ ਵੇਚਣ ਵਾਲੇ ਜਵਾਨ) ਗੈਂਗ ਦੇ ਜੀਵਨ ਵੱਲ ਬਹੁਤ ਸਾਰਾ ਪੈਸਾ ਕਮਾ ਸਕਣ ਦੇ ਲਾਲਚ ਵੱਸ ਖਿੱਚੇ ਜਾਂਦੇ ਹਨ।

» ਡਾਇਲ-ਏ-ਡੋਪਰ ਬਹੁਤ ਥੋੜ੍ਹੇ ਪੈਸੇ ਕਮਾਉਂਦੇ ਹਨ।

» ਡਾਇਲ-ਏ-ਡੋਪਰ ਆਪਣੇ ਵਿਸ਼ਵਾਸ ਵਾਲੇ ਗਾਹਕਾਂ ਨੂੰ ਨਸ਼ੇ ਕੋਲੋਂ ਦਿੰਦੇ ਹਨ (ਫਰੰਟ - ਨਕਦ ਪੈਸੇ ਲਏ ਬਿਨਾਂ ਨਸ਼ੇ ਦੇ ਦੇਣਾ)।

» ਡਾਇਲ-ਏ-ਡੋਪਰ ਹਮੇਸ਼ਾ ਇਸ ਖਤਰੇ ਵਿਚ ਰਹਿੰਦੇ ਹਨ ਕਿ ਉਨ੍ਹਾਂ ਦੇ ‘ਨਸ਼ੇ ਖੋਹੇ’ ਜਾ ਸਕਦੇ ਹਨ।

» ਡਾਇਲ-ਏ-ਡੋਪਰ ਹੀ ਤਕਰੀਬਨ ਹਮੇਸ਼ਾ ਕਿਸੇ ਵੀ ਘਾਟੇ ਲਈ ਜ਼ਿੰਮੇਵਾਰ ਠਹਿਰਾਏ ਜਾਂਦੇ ਹਨ।

» ਗੈਂਗ ਆਗੂ ਵਲੋਂ ਰੱਖੇ ਜਾਂਦੇ ਪੱਕੇ ਜਾਬਤੇ ਦੇ ਬਾਵਜੂਦ ਡਾਇਲ-ਏ-ਡੋਪਰ ਦੇ ਸਿਰ ਕਰਜ਼ਾ ਚੜ੍ਹ ਜਾਣਾ ਆਮ ਗੱਲ ਹੈ।

» ਗੈਂਗ ਆਗੂ ਨੂੰ ਹਮੇਸ਼ਾ ਇਸ ਗੱਲ ਦਾ ਇਲਮ ਨਹੀਂ ਹੁੰਦਾ ਕਿ ਉਹਦੇ ਲਈ ਕੰਮ ਕਰਨ ਵਾਲੇ ਡਾਇਲ-ਏ-ਡੋਪਰ ਕੌਣ ਹਨ ਤੇ ਡਾਇਲ-ਏ-ਡੋਪਰਾਂ ਨੂੰ ਵੀ ਹਮੇਸ਼ਾ ਇਹ ਨਹੀਂ ਪਤਾ ਹੁੰਦਾ ਕਿ ਉਹ ਕਿਹਦੇ ਲਈ ਕੰਮ ਕਰ ਰਹੇ ਹਨ।

» ਡਾਇਲ-ਏ-ਡੋਪਰਾਂ ਦਾ ਗੈਂਗ ਆਗੂ ਵਲੋਂ ਚੰਗੀ ਤਰ੍ਹਾਂ ਬਚਾਅ ਨਹੀਂ ਕੀਤਾ ਜਾਂਦਾ।

» ਗੈਂਗ ਜੀਵਨ ਵਿਚ ਸਭ ਕੁਝ ਗੁਪਤ ਰੱਖਣ ਕਾਰਨ ਡਾਇਲ-ਏ-ਡੋਪਰਾਂ ਦੇ ਪਰਿਵਾਰਾਂ ਦਾ ਨਸ਼ਿਆਂ ਦੇ ਸਿੱਧੇ ਲੈਣ ਦੇਣ ਵਿਚ ਸ਼ਾਮਲ ਹੋਣ ਤੋਂ ਕੋਈ ਚੰਗਾ ਬਚਾਅ ਨਹੀਂ ਹੁੰਦਾ।

» ਡਾਇਲ-ਏ-ਡੋਪਰ ਕੋਲ ਤਕਰੀਬਨ ਹਮੇਸ਼ਾ ਪ੍ਰਮਾਣਿਕ ਡਰਾਈਵਰ ਲਸੰਸ ਹੁੰਦਾ ਹੈ।

» ਬਹੁਤੀਆਂ ਗੈਂਗਾਂ ਡਾਇਲ-ਏ-ਡੋਪਰਾਂ ਨੂੰ ਨਸ਼ੇ ਲਿਆਉਣ ਲਿਜਾਣ ਲਈ ਚੋਰੀ ਕੀਤੇ ਵਾਹਣ (ਵਹੀਕਲ) ਨਹੀਂ ਦਿੰਦੀਆਂ।

» ਗੈਂਗ ਵਲੋਂ ਕੰਮ ਦਿੱਤੇ ਜਾਣ ਤੋਂ ਪਹਿਲਾਂ ਡਾਇਲ-ਏ-ਡੋਪਰਾਂ ਲਈ ਕਿਸੇ ਮੁਕਾਬਲੇ ਦੀ ਗੈਂਗ ਤੋਂ ਕੁਝ ਚੋਰੀ ਕਰਕੇ ਆਪਣਾ ਵਫਾਦਾਰੀ ਦਾ ਸਬੂਤ ਦੇਣ ਦੀ ਜ਼ਰੂਰਤ ਨਹੀਂ ਹੁੰਦੀ।

» ਗੈਂਗ ਦਰਜਾਬੰਦੀ (ਹਾਇਰਆਰਕੀ) ਵਿਚ ਡਾਇਲ-ਏ-ਡੋਪਰ ਦੀ ਥੱਲੇ ਦੀ ਪੱਧਰ ਹੋਣ ਦੇ ਬਾਵਜੂਦ ਉਨ੍ਹਾਂ ਲਈ ਕਿਸੇ ਸਮੇਂ ਵੀ ਗੈਂਗ ਨੂੰ ਛੱਡ ਜਾਣਾ ਸੁਖਾਲਾ ਨਹੀਂ ਹੁੰਦਾ।



# Below are facts based on extensive evidence compiled by police departments on their interactions with street level Dial-a-Dope-involved youth.

» Dial-a-Dopers are drawn to gang life by the prospect of making a great deal of money.

» Dial-a-Dopers make very little money.

» Dial-a-Dopers **will** front (provide without payment) drugs to their trusted customers.

» Dial-a-Dopers are at risk of being 'ripped off' of their drugs.

» Dial-a-Dopers are almost always held responsible for any losses.

» Despite the strict control of the gang leader, it is common for Dial-a-Dopers to **accumulate debts**.

» The gang leader will **not** always know who his Dial-a-Dopers are and the Dial-a-Dopers do **not** always know whom they are working for.

» Dial-a-Dopers are **not** well protected by the gang leaders.

» Given the secrecy of gang life, the **families** of Dial-a-Dopers are **not** well-protected from any direct involvement in the transactions.

» Dial-a-Dopers almost always have a valid driver's license.

» Most gangs do **not** give the Dial-a-Dopers access to stolen vehicles for transporting drugs.

» Before being hired by a gang, Dial-a-Dopers do **not** need to show loyalty by stealing from a rival gang.

» Despite their low level in the gang hierarchy, it is **not** easy for Dial-a-Dopers to leave the gang at any time.

# ਗੈਂਗਾਂ ਵਿਚ ਸ਼ਾਮਲ ਹੋਣ ਬਾਰੇ ਕੌੜੀਆਂ ਸਚਾਈਆਂ

- ਗੈਂਗਾਂ ਵਿਚ ਨਵੇਂ ਰਲ਼ਣ ਵਾਲਿਆਂ (ਬਹੁਤੇ ਡਾਇਲ-ਏ-ਡੋਪਰ ਦੀ ਪੱਧਰ 'ਤੇ) ਨੂੰ ਹਮੇਸ਼ਾ ਇਹ ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਉਹ ਬਹੁਤ ਪੈਸੇ ਕਮਾਉਣਗੇ - ਇਹ ਦਾਅਵਾ 99% ਝੂਠਾ ਹੁੰਦਾ ਹੈ।
- ਬਹੁਤੇ ਅਕਸਰ ਸ਼ਾਮਲ ਹੋਣ ਤੋਂ ਪਹਿਲਾਂ ਨਾਲੋਂ ਵੀ ਗਰੀਬ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਨੇ ਗੈਂਗ ਦੇ ਪੈਸੇ ਦੇਣੇ ਹੁੰਦੇ ਹਨ (ਪੈਸੇ ਅਦਾ ਕਰਨ ਵਿਚ ਦੇਰੀ, ਡਰੱਗ ਵਿਚ ਹੋਈ ਹੇਰਾਫੇਰੀ, ਡਰੱਗ ਉਧਾਰ ਦੇਣ ਨਾਲ)।
- ਬਹੁਤੇ ਗੈਂਗ ਮੈਂਬਰ ਥੱਲੇ ਦੀ ਪੱਧਰ ਦੇ ਮੈਂਬਰ ਹੁੰਦੇ ਹਨ ਜਿਹੜੇ ਕਿਸੇ ਤੇਜ਼ੀ ਨਾਲ ਖਾਣਾ ਦੇਣ ਵਾਲੀਆਂ (ਫਾਸਟ ਫੂਡ) ਰੈਸਟੋਰੈਂਟਾਂ ਵਿਚ ਕੰਮ ਕਰਕੇ ਜ਼ਿਆਦਾ ਪੈਸੇ ਕਮਾ ਸਕਦੇ ਹਨ। ਕੁਝ ਕਦੇ ਕਦੇ ਜਦੋਂ ਉਨ੍ਹਾਂ ਕੋਲ ਪੈਸੇ ਹੁੰਦੇ ਹਨ ਤਾਂ ਸ਼ੇਖੀ ਮਾਰ ਸਕਦੇ ਹਨ ਪਰ ਬਹੁਤੀ ਵਾਰੀ ਉਹ ਖਾਲੀ ਹੁੰਦੇ ਹਨ ਜਾਂ ਕਰਜ਼ੇ ਥੱਲੇ ਹੁੰਦੇ ਹਨ।
- ਬਹੁਤਿਆਂ ਨੂੰ ਪਰਿਵਾਰ ਕੋਲੋਂ ਪੈਸੇ ਉਧਾਰ ਲੈਣੇ ਪੈਂਦੇ ਹਨ ਜਾਂ ਚੋਰੀ ਕਰਨੇ ਪੈਂਦੇ ਹਨ ਜਾਂ ਆਪਣੀਆਂ ਵਸਤਾਂ ਵੇਚਣੀਆਂ ਪੈਂਦੀਆਂ ਹਨ ਤਾਂਕਿ ਉਹ ਆਪਣਾ ਕਰਜ਼ਾ ਲਾਹ ਸਕਣ, ਤੇ ਬਹੁਤੀ ਵਾਰੀ ਉਹ ਵੀ ਕਾਫੀ ਨਹੀਂ ਹੁੰਦਾ, ਜਿਸ ਦੇ ਨਤੀਜੇ ਵਜੋਂ, ਗੈਂਗ ਮੈਂਬਰ ਉਨ੍ਹਾਂ ਦੇ ਜੱਦੀ ਘਰ ਆ ਕੇ ਉਨ੍ਹਾਂ ਦੇ ਮਾਪਿਆਂ ਜਾਂ ਭੈਣਾਂ ਭਾਰਾਵਾਂ ਤੋਂ ਪੈਸੇ ਦੀ ਜਬਰਨ ਮੰਗ ਕਰਦੇ ਹਨ।
- ਉਨ੍ਹਾਂ ਨੂੰ ਬਹੁਤੀ ਵਾਰੀ ਜ਼ੋਰ ਨਾਲ ਉਧਾਲ ਲਿਆ ਜਾਂਦਾ ਹੈ, ਕੁੱਟਿਆ ਮਾਰਿਆ ਜਾਂਦਾ ਹੈ ਅਤੇ ਤਸੀਹੇ ਦਿੱਤੇ ਜਾਂਦੇ ਹਨ ਤੇ ਗੈਂਗ ਦੇ ਇਕ ਮੈਂਬਰ ਰਾਹੀਂ ਦੂਜੇ ਨੂੰ ਸਬਕ ਦੇਣ ਲਈ ਇਸ ਨੂੰ ਤਰੀਕੇ ਵਜੋਂ ਵਰਤਿਆ ਜਾਂਦਾ ਹੈ।
- ਉਹ ਆਪਣੇ ਗਾਹਕਾਂ ਵਲੋਂ ਲੁੱਟੇ ਵੀ ਜਾਂਦੇ ਹਨ ਤੇ ਕੁੱਟ-ਮਾਰ ਵੀ ਖਾਣੀ ਪੈਂਦੀ ਹੈ।
- ਪੁਲਸ ਉਨ੍ਹਾਂ ਦੀ ਭਾਲ ਵਿਚ ਰਹਿੰਦੀ ਹੈ ਅਤੇ ਉਹ ਅਕਸਰ ਗ੍ਰਿਫਤਾਰ ਹੋ ਜਾਂਦੇ ਹਨ, ਜੇ ਉਨ੍ਹਾਂ ਦੀ ਜਾਇਦਾਦ ਅਪਰਾਧ ਕਰਨ ਵੇਲੇ ਵਰਤੀ ਗਈ ਹੋਵੇ ਤਾਂ ਉਹ ਖੋਹੀ ਜਾਂਦੀ ਹੈ ਅਤੇ ਉਨ੍ਹਾਂ ਦਾ ਅਪਰਾਧੀ ਰੀਕਾਰਡ ਬਣ ਜਾਂਦਾ ਹੈ ਜੋ ਉਨ੍ਹਾਂ ਨੂੰ ਕਈ ਗੱਲਾਂ ਕਰਨ ਤੋਂ ਰੋਕਦਾ ਹੈ ਜਿਵੇਂ ਕਿ ਕਨੇਡਾ ਤੋਂ ਬਾਹਰ ਕਿਤੇ ਸਫਰ ਕਰਨਾ।
- ਉਨ੍ਹਾਂ ਵਲੋਂ ਗੈਂਗ ਤੋਂ ਕਿਨਾਰਾ ਕਰਨ ਦਾ ਇਕ ਆਮ ਕਾਰਨ ਹੁੰਦਾ ਹੈ ਕਿ ਉਹ ਕੁੱਟ ਖਾ ਖਾ ਕੇ ਥੱਕ ਜਾਂਦੇ ਹਨ।
- ਬਹੁਤੇ ਜਵਾਨ ਗੈਂਗ ਮੈਂਬਰ ਗੈਂਗਾਂ ਨੂੰ ਛੱਡ ਜਾਂਦੇ ਹਨ ਪਰ ਜਿੰਨਾ ਲੰਮਾ ਸਮਾਂ ਉਹ ਇਸ ਵਿਚ ਫਸੇ ਰਹਿੰਦੇ ਹਨ ਉਨ੍ਹਾਂ ਹੀ ਗੈਂਗ ਨੂੰ ਛੱਡਣਾ ਉਨ੍ਹਾਂ ਲਈ ਔਖਾ ਹੋ ਜਾਂਦਾ ਹੈ।



# Bitter truth about joining gangs

- The newcomers to a gang (most of them at the Dial-a-Doper level) are almost always led to believe they will make a lot of money—a claim that is 99% false.
- Many end up poorer than when they started because they owe money to their gang (late payments, drug rips, fronting drugs).
- Most gang members are low-level members who could earn more money by working at a fast food restaurant. Some may show off whenever they have money, but more often than not they are broke or in debt.
- Many end up having to borrow or steal money from their family or sell their possessions just to pay off debts and that is often not enough, which results in gang members coming to the family's home to extort or threaten parents or siblings.
- They are often kidnapped, beaten, and tortured as a way of sending messages from one gang member to another.
- They get robbed and beaten by customers.
- They are targeted by the police and are likely to be arrested, have their property seized if it is used during the commission of a criminal offence, and **a criminal record will prevent them from doing things like traveling outside Canada.**
- One of the most common reasons to quit is being tired of getting beat up.
- Most youth gang members eventually quit their gang, but the longer they are involved, the harder it is to quit.

12

# Recognizing the signs of a Dial-a-Doper Youth

- Dial-a-Dopers will have a number of different cellphones.
- The process of selling drugs via Dial-a-Doping takes the youth out of the house for short durations and often at all hours of the day and night.
- Dial-a-Dopers often possess business cards.
- Dial-a-Dopers often carry a lot of cash even though they live in debt and fear.
- Dial-a-Dopers often keep financial records.
- Typically, Dial-a-Dopers do keep the drugs they are selling at home.
- Dial-a-Dopers tend to keep their room locked or demand privacy and will often become upset or mad if parents or siblings want to know what is in their rooms or why they want privacy.
- Dial-a-Dopers are under great pressure and will often display signs of stress or moodiness.

Research shows gang members are likely to **die before age 30.**

# ਡਾਇਲ-ਏ-ਡੋਪਰ ਜਵਾਨ ਦੀਆਂ ਨਿਸ਼ਾਨੀਆਂ ਪਛਾਨਣਾ

- ਡਾਇਲ-ਏ-ਡੋਪਰ ਕੋਲ ਕਈ ਵੱਖਰੇ ਵੱਖਰੇ ਸੈੱਲ ਫੋਨ ਹੋਣਗੇ।
- ਡਾਇਲ-ਏ-ਡੋਪ ਰਾਹੀਂ ਨਸ਼ੇ ਵੇਚਣ ਦੇ ਕੰਮ ਲਈ ਜਵਾਨ ਨੂੰ ਥੋੜ੍ਹੇ ਥੋੜ੍ਹੇ ਵਕਫੇ ਲਈ ਘਰੋਂ ਬਾਹਰ ਜਾਣਾ ਪੈਂਦਾ ਹੈ ਅਤੇ ਇਹ ਬਹੁਤੀ ਵਾਰੀ ਦਿਨ ਜਾਂ ਰਾਤ ਦੇ ਕਿਸੇ ਸਮੇਂ ਵੀ ਹੋ ਸਕਦਾ ਹੈ।
- ਡਾਇਲ-ਏ-ਡੋਪਰ ਕੋਲ ਅਕਸਰ ਬਿਜ਼ਨਿੱਸ ਕਾਰਡ ਹੁੰਦੇ ਹਨ।
- ਡਾਇਲ-ਏ-ਡੋਪਰ ਭਾਵੇਂ ਕਰਜ਼ਾਈ ਹੀ ਹੋਣ ਅਤੇ ਹਰ ਵੇਲੇ ਡਰ ਵਿਚ ਰਹਿੰਦੇ ਹੋਣ ਫੇਰ ਵੀ ਉਨ੍ਹਾਂ ਕੋਲ ਕਾਫੀ ਸਾਰਾ ਨਕਦ ਪੈਸਾ ਹੁੰਦਾ ਹੈ।
- ਡਾਇਲ-ਏ-ਡੋਪਰ ਅਕਸਰ ਪੈਸੇ ਦਾ ਲਿਖਤੀ ਹਿਸਾਬ ਕਿਤਾਬ ਰੱਖਦੇ ਹਨ।
- ਡਾਇਲ-ਏ-ਡੋਪਰ ਜਿਹੜੇ ਨਸ਼ੇ ਵੇਚ ਰਹੇ ਹੋਣ ਉਨ੍ਹਾਂ ਨੂੰ ਆਮ ਤੌਰ 'ਤੇ ਘਰ ਵਿਚ ਵੀ ਰੱਖਦੇ ਹਨ।
- ਡਾਇਲ-ਏ-ਡੋਪਰ ਬਹੁਤੀ ਵਾਰੀ ਆਪਣੇ ਕਮਰੇ ਨੂੰ ਜਿੰਦਾ ਲਾ ਕੇ ਰੱਖਦੇ ਜਾਂ ਆਪਣਾ ਸਭ ਕੁਝ ਗੁਪਤ ਰੱਖਣ ਦੀ ਮੰਗ ਕਰਦੇ ਹਨ ਅਤੇ ਬਹੁਤੀ ਵਾਰੀ ਇਸ ਗੱਲ ਲਈ ਖਿੱਝ ਜਾਂਦੇ ਹਨ ਜਾਂ ਗੁੱਸੇ ਹੋ ਜਾਂਦੇ ਹਨ ਜੇ ਉਨ੍ਹਾਂ ਦੇ ਮਾਪੇ ਜਾਂ ਭੈਣ ਭਰਾ ਇਹ ਜਾਨਣਾ ਚਾਹੁਣ ਕਿ ਉਨ੍ਹਾਂ ਦੇ ਕਮਰੇ ਵਿਚ ਕੀ ਹੈ ਅਤੇ ਉਹ ਕਿਉਂ ਲੁਕਾ ਰੱਖਣਾ ਚਾਹੁੰਦੇ ਹਨ।
- ਡਾਇਲ-ਏ-ਡੋਪਰ ਕਾਫੀ ਦਬਾਅ ਹੇਠ ਹੁੰਦੇ ਹਨ ਅਤੇ ਅਕਸਰ ਤਣਾਅ ਜਾਂ ਦਿਲਗੀਰੀ (ਮੂਡੀਨਿੱਸ) ਦਾ ਦਿਖਾਵਾ ਕਰਦੇ ਹਨ।

ਖੋਜ ਦਰਸਾਉਂਦੀ ਹੈ ਕਿ
ਗੈਂਗ ਮੈਂਬਰ ਬਹੁਤੀ ਵਾਰੀ
30 ਸਾਲ ਦੀ ਉਮਰ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

# ਗੈਂਗ ਤੋਂ ਬਚਾਅ
## ਮਾਪੇ ਕੀ ਕਰ ਸਕਦੇ ਹਨ?

» ਇਸ ਗੱਲ ਬਾਰੇ ਹਮੇਸ਼ਾ ਜਾਣਕਾਰੀ ਰੱਖੋ ਕਿ ਤੁਹਾਡੇ ਬੱਚੇ ਕਿੱਥੇ ਹਨ, ਕੀ ਕਰਦੇ ਹਨ ਤੇ ਕਿਹਦੇ ਨਾਲ ਹਨ। ਉਨ੍ਹਾਂ ਨੂੰ ਇਹ ਗੱਲ ਸਮਝਾਓ ਕਿ ਤੁਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਕੰਮਾਂ ਅਤੇ ਥਾਂ-ਟਿਕਾਣੇ ਆਦਿ ਬਾਰੇ ਇਸ ਕਰਕੇ ਸਵਾਲ ਪੁੱਛਦੇ ਹੋ ਕਿਉਂਕਿ ਤੁਸੀਂ ਉਨ੍ਹਾਂ ਦੇ ਜੀਵਨ ਬਾਰੇ ਦਿਲਚਸਪੀ ਰੱਖਦੇ ਹੋ, ਉਨ੍ਹਾਂ ਨੂੰ ਪਿਆਰ ਕਰਦੇ ਹੋ ਤੇ ਉਨ੍ਹਾਂ ਦਾ ਖਿਆਲ ਕਰਦੇ ਹੋ।

» ਆਪਣੇ ਬੱਚਿਆਂ ਦੀ ਅਜਿਹੇ ਦੋਸਤ ਚੁਣਨ ਵਿਚ ਮੱਦਦ ਕਰੋ ਜੋ ਕਿਸੇ ਅਪਰਾਧੀ ਜਾਂ ਸਮਾਜ ਵਿਰੋਧੀ ਕਾਰਵਾਈਆਂ ਵਿਚ ਸ਼ਾਮਲ ਨਾ ਹੋਣ।

» ਪਰਿਵਾਰਕ ਗਤੀਵਿਧੀਆਂ ਨੂੰ ਮਾਨਣਯੋਗ ਬਣਾ ਕੇ ਮਜਬੂਤ ਪਰਿਵਾਰਕ ਨਾਤੇ ਕਾਇਮ ਕਰੋ ਜਿਵੇਂ ਕਿ ਮਿੱਥੇ ਸਮੇਂ ਦੇ ਵਕਫੇ ਬਾਅਦ ਪਰਿਵਾਰਕ ਭੋਜਨ ਮਿਲਣੀਆਂ, ਇਕੱਠੇ ਬਾਹਰ ਜਾਣਾ, ਮੂਵੀਆਂ ਦੇਖਣੀਆਂ ਅਤੇ ਉਨ੍ਹਾਂ ਨਾਲ ਮਿਲ਼ ਕੇ ਖੇਡਾਂ ਖੇਡਣੀਆਂ।

» ਸਕੂਲ ਸਮੇਂ ਤੋਂ ਬਾਅਦ ਹੋਣ ਵਾਲੀਆਂ ਸਰਗਰਮੀਆਂ ਸਮੇਂ ਆਪਣੇ ਬੱਚੇ ਦੇ ਨਾਲ ਜਾਓ ਜਿਵੇਂ ਕਿ ਖੇਡਾਂ, ਅਤੇ ਜਿੰਨੀ ਵਾਰੀ ਵੀ ਸੰਭਵ ਹੋ ਸਕੇ ਉੱਥੇ ਸਾਰਾ ਸਮਾਂ ਰਹਿਣ ਦੀ ਕੋਸ਼ਿਸ਼ ਕਰੋ।

» ਆਪਣੇ ਬੱਚੇ ਦੇ ਸਕੂਲ ਵਿਚ ਮਾਪੇ ਅਤੇ ਅਧਿਆਪਕਾਂ ਦੀਆਂ ਮੀਟਿੰਗਾਂ ਅਤੇ ਸਰਗਰਮੀਆਂ ਵਿਚ ਹਿੱਸਾ ਲਵੋ।

» ਆਪਣੇ ਬੱਚੇ ਦੇ ਸਕੂਲ ਤੋਂ ਮਿਲੇ ਕੰਮ (ਹੋਮਵਰਕ) ਵਿਚ ਦਿਲਚਸਪੀ ਲਵੋ ਅਤੇ ਇਸ ਗੱਲ ਨੂੰ ਯਕੀਨੀ ਬਣਾਓ ਕਿ ਉਹ ਉਸ ਨੂੰ ਪੂਰਾ ਕਰੇ।

» ਆਪਣੇ ਬੱਚੇ ਨੂੰ ਉਤਸਾਹਤ ਕਰੋ ਕਿ ਉਹ ਸਕੂਲ ਦੀਆਂ ਸਰਗਰਮੀਆਂ ਵਿਚ ਹਿੱਸਾ ਲਵੇ ਅਤੇ ਭਾਈਚਾਰੇ ਵਿਚ ਵਲੰਟੀਅਰ ਕੰਮ ਕਰੇ। ਤੁਸੀਂ ਆਪ ਵੀ ਇਸ ਤਰ੍ਹਾਂ ਹੀ ਕਰੋ।

» ਯਕੀਨੀ ਬਣਾਓ ਕਿ ਉਹ ਆਪਣੇ ਸੱਭਿਆਚਾਰਕ/ਐਥਨਿਕ/ਧਾਰਮਿਕ/ਭਾਸ਼ਾਈ ਵਿਰਸੇ 'ਤੇ ਮਾਣ ਕਰਨ ਅਤੇ ਨਾਲ਼ ਹੀ ਮੁੱਖ ਧਾਰਾ ਸਮਾਜ ਵਿਚ ਵੀ ਪੂਰਾ ਹਿੱਸਾ ਲੈਣ।

» ਆਪਣੇ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰੋ ਤਾਂਕਿ ਉਹ ਆਪਣੇ ਫਿਕਰ ਤੇ ਚਿੰਤਾਵਾਂ ਤੁਹਾਡੇ ਨਾਲ ਸਾਂਝੀਆਂ ਕਰਨ ਵਿਚ ਸੌਖ ਮਹਿਸੂਸ ਕਰਨ। ਜਾਣਕਾਰੀ ਸਾਂਝੀ ਕਰਨ ਲਈ ਉਨ੍ਹਾਂ ਦਾ ਧੰਨਵਾਦ ਕਰੋ ਤੇ ਉਨ੍ਹਾਂ ਨੂੰ ਇਨਾਮ ਵੀ ਦੇਵੋ, ਭਾਵੇਂ ਜਦੋਂ ਜਾਣਕਾਰੀ ਫਿਕਰਾਂ ਵਿਚ ਪਾਉਣ ਵਾਲੀ ਹੀ ਹੋਵੇ।

» ਇਸ ਗੱਲ ਦਾ ਚੇਤਾ ਰੱਖੋ ਕਿ ਬੱਚੇ ਬਹੁਤਾ ਦੇਖ ਕੇ ਸਿੱਖਦੇ ਹਨ। ਇਸ ਲਈ ਬਹੁਤ ਜ਼ਰੂਰੀ ਹੈ ਕਿ ਤੁਸੀਂ ਖੁਦ ਨੂੰ ਚੰਗੇ ਵਿਹਾਰ ਦੀ ਉਦਾਹਰਨ ਬਣਾਓ, ਜਿਵੇਂ ਕਿ ਅਜਿਹਾ ਜੀਵਨ ਜੀਵੋ ਜੋ ਅਪਰਾਧ, ਨਸ਼ੇ, ਅਤੇ ਹਿੰਸਾ ਤੋਂ ਮੁਕਤ ਹੋਵੇ।

» ਆਪਣੇ ਜੀਵਨ ਦੀਆਂ ਸਥਿਤੀਆਂ ਅਤੇ ਤੁਹਾਡੇ ਜੀਵਨ ਵਿਚ ਆਏ ਲੋਕਾਂ ਲਈ ਸ਼ੁਕਰਾਨੇ ਵਾਲਾ ਜੀਵਨ ਜੀਵੋ ਤੇ ਆਪਣੇ ਬੱਚਿਆਂ ਵਿਚ ਵੀ ਸ਼ੁਕਰਾਨੇ ਦੀ ਭਾਵਨਾ ਪੈਦਾ ਕਰੋ।



# Gang Prevention
## What can Parents do?

» Always know where your kids are, what they are doing, and who they are with. Explain to them that you are asking questions about their activities and whereabouts because you are interested, you love them, and you care about them.

» Help your kids choose friends who are not involved in any criminal or antisocial activity.

» Build strong family ties by making family events fun such as regular family dinners, outings, watching movies and playing games with them.

» Accompany your kids to after-school activities such as sports, and stay for the whole duration as often as possible.

» Participate in parent-teacher meetings and events at your kids' schools.

» Take interest in your kids' homework and make sure they complete it.

» Encourage your kids to participate in school activities and do volunteer work in the community. Do the same yourself.

» Ensure that they take pride in their cultural/ethnic/religious/linguistic heritage while fully participating in the mainstream life of our society.

» Have open communication with your kids so they feel comfortable to share with you their concerns and worries. Thank them and reward them for sharing information, even when the information might be potentially worrisome.

» Remember that kids learn a lot from observation. So modeling good behaviour yourself, such as leading a life that is free of crimes, drugs, and violence is very important.

» Foster thankfulness in your kids by modeling thankfulness yourself for your own life situations and people in your life.

» ਬੱਚਿਆਂ ਨੂੰ ਆਪਣੀ ਵਲੋਂ ਦੇਣ ਵਾਲੇ ਸੁਨੇਹੇ ਬਾਰੇ ਇਕਸੁਰਤਾ ਕਾਇਮ ਰੱਖੋ ਕਿ ਤੁਸੀਂ ਉਨ੍ਹਾਂ ਨਾਲ ਬਿਨਾਂ ਕਿਸੇ ਸ਼ਰਤ ਦੇ ਪਿਆਰ ਕਰਦੇ ਹੋ ਪਰ ਸਮਾਜ ਵਿਰੋਧੀ ਵਿਹਾਰ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ। ਇਮਾਨਦਾਰ ਗੱਲਬਾਤ ਕਰਨ ਲਈ ਸਵਾਲ ਪੁੱਛੋ।

» 'ਖੁਦ ਨੂੰ ਸੱਚੇ ਹੋਣ' ਦੀ ਮਹੱਤਤਾ 'ਤੇ ਜ਼ੋਰ ਦਿਓ ਅਤੇ ਉਨ੍ਹਾਂ ਨੂੰ ਸਾਥੀਆਂ (ਪੀਅਰ) ਦੇ ਦਬਾਅ ਦੇ ਬਾਵਜੂਦ 'ਸਹੀ ਕੰਮ' ਕਰਨ 'ਤੇ ਇਨਾਮ ਦਿਓ।

» ਉਨ੍ਹਾਂ ਨੂੰ ਇਹ ਦਰਸਾਓ ਕਿ ਤੁਹਾਡੇ ਖਿਲਾਫ ਕੀਤੇ ਕਿਸੇ ਨੁਕਸਾਨ ਵਾਲੇ ਕੰਮ ਲਈ ਕਿਸੇ ਨੂੰ ਮੁਆਫ ਕਰ ਦੇਣਾ ਉਨ੍ਹਾਂ ਤੋਂ ਬਦਲਾ ਲੈਣਾ ਜਾਂ ਬਦਲਾ ਲੈਣ ਦੀ ਸੋਚ ਨਾਲੋਂ ਚੰਗਾ ਹੁੰਦਾ ਹੈ।

» ਆਪਣੇ ਬੱਚਿਆਂ ਦੀ ਮੂਵੀਆਂ ਤੇ ਵੀਡੀਓ ਦੀ ਚੋਣ ਅਤੇ ਇੰਟਰਨੈੱਟ 'ਤੇ ਜਾਣ ਵਾਲੀਆਂ ਥਾਵਾਂ ਦੀ ਆਦਤ ਵੱਲ ਨਿਗਾਹ ਰੱਖੋ। ਜੇ ਤੁਹਾਨੂੰ ਬੱਚੇ ਦੇ ਹਿੰਸਾ ਅਤੇ ਅਪਰਾਧ ਨਾਲ ਸਬੰਧਤ ਥਾਵਾਂ 'ਤੇ ਜਾਣ ਵਿਚ ਲਗਾਤਾਰਤਾ ਲੱਗੇ ਤਾਂ ਉਨ੍ਹਾਂ ਨਾਲ ਗੱਲਬਾਤ ਕਰੋ ਅਤੇ ਉਨ੍ਹਾਂ ਨੂੰ ਮਨਪਰਚਾਵੇ ਦੀਆਂ ਹੋਰ ਚੋਣਾਂ ਵੱਲ ਮੋੜੋ।

» ਆਪਣੇ ਬੱਚਿਆਂ ਦੀ ਇਹ ਸਮਝ ਯਕੀਨੀ ਬਣਾਓ ਕਿ ਭਾਵੇਂ ਪੈਸੇ ਬਹੁਤ ਜ਼ਰੂਰੀ ਹਨ, ਪਰ ਜੀਵਨ ਵਿਚ ਲੰਮਾ ਚਿਰ ਰਹਿਣ ਵਾਲੀ ਖੁਸ਼ੀ ਪਰਿਵਾਰ ਨਾਲ, ਦੋਸਤਾਂ ਨਾਲ, ਗੁਆਂਢੀਆਂ ਨਾਲ ਤੇ ਭਾਈਚਾਰੇ ਨਾਲ ਵਿਸ਼ਵਾਸ ਵਾਲੇ ਚੰਗੇ ਰਿਸ਼ਤੇ ਪੈਦਾ ਕਰਨ ਤੋਂ ਮਿਲਦੀ ਹੈ।

» ਜੇ ਤੁਹਾਨੂੰ ਇਸ ਗੱਲ ਦਾ ਫਿਕਰ ਹੈ ਕਿ ਤੁਹਾਡੇ ਬੱਚੇ ਸ਼ਾਇਦ ਸਮਾਜ ਵਿਰੋਧੀ ਅਤੇ ਜਾਂ ਖੁਦ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਹਾਰ ਵਿਚ ਸ਼ਾਮਲ ਹੋਣ ਤਾਂ ਇਹ ਗੱਲ ਚੇਤੇ ਰੱਖੋ ਕਿ ਇਸ ਨੂੰ ਬਦਲਿਆ ਜਾ ਸਕਦਾ ਹੈ।

» ਉਨ੍ਹਾਂ ਨਾਲੋਂ ਨਾਤਾ ਤੋੜਨਾ ਜਾਂ ਉਨ੍ਹਾਂ ਨੂੰ ਬਾਹਰ ਜਾਣੋਂ ਰੋਕਣ ਵਰਗੀਆਂ ਸਖਤ ਸਜ਼ਾਵਾਂ ਜਾਂ 'ਟਫ ਲਵ' ਜਿਹੀਆਂ ਸਥਿਤੀਆਂ ਤੋਂ ਬਚੋ। ਸਗੋਂ ਇਸ ਤੋਂ ਉਲਟ ਉਨ੍ਹਾਂ ਦੇ ਜੀਵਨ ਵਿਚ ਸ਼ਾਮਲ ਰਹੋ, ਅਤੇ ਆਪਣੇ ਬੱਚਿਆਂ ਨੂੰ ਇਹ ਸਮਝਾਓ ਕਿ ਗਲਤੀਆਂ ਕਰਨੀਆਂ ਅਤੇ ਗਲਤ ਚੋਣਾਂ ਕਰਨੀਆਂ ਸਿੱਖਣ ਦੇ ਅਮਲ ਦਾ ਹੀ ਹਿੱਸਾ ਹੈ ਅਤੇ ਤੁਸੀਂ ਉਨ੍ਹਾਂ ਦੀ ਹਮੇਸ਼ਾ ਗਲਤੀਆਂ ਸੁਧਾਰਨ ਵਿਚ ਮਦਦ ਕਰੋਗੇ।

» ਜਦੋਂ ਤੁਸੀਂ ਆਪਣੇ ਬੱਚੇ ਦੇ ਜੀਵਨ ਬਾਰੇ ਫਿਕਰਮੰਦ ਹੋਵੋ ਅਤੇ ਤੁਹਾਨੂੰ ਕਿਸੇ ਮਦਦ ਦੀ ਲੋੜ ਹੋਵੇ ਤਾਂ ਉਨ੍ਹਾਂ ਦੇ ਸਕੂਲ ਅਧਿਆਪਕ, ਕਾਊਂਸਲਰ, ਜਾਂ ਪੁਲਸ ਅਫਸਰ ਨਾਲ ਗੱਲ ਕਰੋ। ਸਮੇਂ ਸਿਰ ਕੀਤੀ ਗਈ ਨਿਗਰਾਨੀ ਅਤੇ ਬਚਾਅ ਲਈ ਕੋਸ਼ਿਸ਼ ਤੁਹਾਡੇ ਬੱਚੇ ਨੂੰ ਸਿੱਧੀ ਲੀਹ 'ਤੇ ਰਹਿਣ ਵਿਚ ਮਦਦ ਕਰੇਗੀ ਅਤੇ ਉਸ ਨੂੰ ਅਪਰਾਧ, ਹਿੰਸਾ ਅਤੇ ਗੈਂਗਾਂ ਵਾਲੇ ਖਤਰਨਾਕ ਜੀਵਨ ਵਲ ਜਾਣ ਤੋਂ ਰੋਕੇਗੀ।



» Remain consistent in your message to kids that although you love them unconditionally, antisocial behaviour is not acceptable. Ask questions for an honest conversation.

» Emphasize the importance of 'being true to self' and reward them for doing the 'right thing' despite peer pressure.

» Demonstrate that forgiving others for their harmful actions towards you is better than trying to take/plot revenge.

» Keep an eye on your kids' choice of movies, videos, and internet browsing habits. If you see a consistent theme of violence and crimes, talk to them and steer them to other entertainment choices.

» Make your kids understand that although money is important, long lasting happiness in life comes from having good trusting relationships with family, friends, neighbours, and the community.

» If you are worried that your kids may be involved in antisocial and/or self-destructive behavior, remember that it can be changed.

» Avoid 'tough love' such as cutting them off or forbidding them from going out. Instead, stay involved and let your kids understand that making mistakes and wrong choices are part of learning and that you will always help them correct their mistakes.

» When you are worried about your kids' well-being and need some help, talk to their school teacher, counsellor, or even a police officer. An earlier check and prevention will help your kids stay on track and avoid getting into a dangerous life of crime, violence, and gangs.



ਬੱਚੇ ਜਿਹੜੇ ਆਪਣੇ ਪਰਵਾਰਾਂ, ਦੋਸਤਾਂ, ਸਕੂਲ, ਆਂਢ-ਗੁਆਂਢ, ਅਤੇ ਭਾਈਚਾਰੇ ਨਾਲ ਜੁੜੇ ਹੋਏ ਮਹਿਸੂਸ ਕਰਦੇ ਹੋਣ, ਉਹ ਗੈਂਗਾਂ ਵਿਚ ਘਟ ਰਲਦੇ ਹਨ।

ਬੱਚੇ ਤਸੱਲੀ ਭਰੇ ਜੀਵਨ ਦੀ ਇਤਲਾਹ ਦਿੰਦੇ ਹਨ ਜਦੋਂ ਉਨ੍ਹਾਂ ਦੇ ਘਰ ਕੋਈ ਬਾਲਗ ਹੋਵੇ, ਜਿਵੇਂ ਕਿ ਮਾਪਾ, ਕੋਈ ਰਿਸ਼ਤੇਦਾਰ, ਜਾਂ ਦੇਖਭਾਲ ਦੇਣ ਵਾਲਾ ਜਿਸ ਨੂੰ ਇਹ ਪਤਾ ਹੋਏ ਕਿ ਬੱਚੇ ਕਿੱਥੇ ਹਨ, ਕਿਹਦੇ ਨਾਲ ਹਨ ਅਤੇ ਉਹ ਕੀ ਕਰ ਰਹੇ ਹਨ।





**Kids who feel connected with their family, friends, school, neighbourhood, and community are less likely to get involved in gangs.**

**Kids report high life satisfaction when they have an adult in their home such as a parent, a relative, or a caregiver who knows where they are, who they are with, and what they are doing.**

# ਸੰਭਾਵੀ ਬਚਾਅ ਵਾਲੇ ਤੱਥ

### ਵਿਅਕਤੀਗਤ ਪੱਧਰ (ਅੰਦਰੂਨੀ)

» ਹਿੰਸਾ ਵਿਚ ਯਕੀਨ ਦਾ ਨੀਵਾਂ ਪੱਧਰ
» ਉਤਸਾਹ ਤੇ ਆਸ
» ਸੰਤੁਲਨਤਾ ਵਾਲਾ ਸਵੈ-ਭਰੋਸਾ
» ਸ਼ੁਕਰਾਨਾ
» ਮੁਆਫ ਕਰਨ ਯੋਗਤਾ
» ਨਿਮਰਤਾ
» ਮੌਲਕਤਾ (ਆਪਣੇ ਆਪ ਨਾਲ ਸੱਚੇ ਹੋਣਾ)
» ਸਕੂਲ ਵਿਚ ਕਾਮਯਾਬੀ

### ਸਮਾਜਿਕ ਪੱਧਰ (ਬਾਹਰੀ)

» ਪਰਿਵਾਰ ਅਤੇ ਸਾਥੀਆਂ ਨਾਲ ਹਾਂ-ਪੱਖੀ ਰਿਸ਼ਤੇ
» ਸਮਾਜ-ਪੱਖੀ ਸਾਥੀ
» ਸਕੂਲ ਵਲਾਂ ਮਜਬੂਤ ਪ੍ਰਤੀਬੱਧਤਾ
» ਭਾਈਚਾਰੇ ਨਾਲ ਹਾਂ-ਪੱਖੀ ਨਾਤਾ
» ਸਮਾਜ-ਪੱਖੀ ਸਰਗਰਮੀਆਂ ਵਿਚ ਸ਼ਮੂਲੀਅਤ
» ਮਾਪਿਆਂ/ਬਾਲਗਾਂ ਦੀ ਸਕੂਲ ਅਤੇ ਵੇਹਲੇ ਸਮੇਂ ਦੀਆਂ ਸਰਗਰਮੀਆਂ ਵਿਚ ਸ਼ਮੂਲੀਅਤ
» ਅਧਿਆਪਕਾਂ ਵਲੋਂ ਉੱਚੀਆਂ ਆਸਾਂ

# ਸੰਭਾਵੀ ਖਤਰੇ ਵਾਲੇ ਤੱਥ

### ਵਿਅਕਤੀਗਤ ਪੱਧਰ (ਅੰਦਰੂਨੀ)

» ਸਮਾਜ ਵਿਰੋਧੀ ਵਿਸ਼ਵਾਸ
» ਮਨਮੌਜੀਪੁਣਾ (ਇੰਮਪਲਸੀਵਿਟੀ)
» ਗੈਰ-ਜਜ਼ਬਾਤੀ/ਪੱਥਰ-ਚਿੱਤ ਵਿਹਾਰ ਦੀਆਂ ਨਿਸ਼ਾਨੀਆਂ
» ਹਿੰਸਾ ਦਾ ਅਗੇਤਾ ਇਤਿਹਾਸ/ਬੇਪਰਵਾਹੀ
» ਹਥਿਆਰਾਂ ਦੀ ਵਰਤੋਂ
» ਨਸ਼ਿਆਂ ਦੀ ਵਰਤੋਂ (ਸਬਸਟਾਂਸ ਅਬਿਊਜ਼)
» ਸਕੂਲ ਵਿਚ ਨਾਕਾਮਯਾਬੀ

### ਸਮਾਜਿਕ ਪੱਧਰ (ਬਾਹਰੀ)

» ਪਰਿਵਾਰਕ ਹਿੰਸਾ
» ਪਰਿਵਾਰ ਵਿਚ ਨਸ਼ਿਆਂ ਦੀ ਵਰਤੋਂ
» ਮਾਪਿਆਂ ਵਲੋਂ ਸੀਮਤ ਨਿਗਰਾਨੀ
» ਸਜ਼ਾ ਦੇਣ ਦੇ ਬੇਅਸੂਲੇ/ਅਢੁੱਕਵੇਂ ਅਮਲ
» ਸਮਾਜਿਕ ਆਰਥਿਕ ਪੱਖੋਂ ਨੀਵਾਂ ਪੱਧਰ
» ਵੱਧ ਅਪਰਾਧ ਵਾਲਾ ਗੁਆਂਢ
» ਸਾਥੀ
» ਸਾਥੀਆਂ ਵਲੋਂ ਨਕਾਰੇ ਜਾਣ
» ਅਲਾਇਦਗੀ ਦਾ ਅਹਿਸਾਸ



# Potential Protective Factors

### Individual Level (Internal)

» Low level of belief in violence
» Optimism and hope
» Balanced self-esteem
» Gratitude
» Forgiveness
» Humility
» Authenticity ('being true to self')
» School Success

### Social Level (External)

» Positive relations with family and peers
» Pro-social peers
» Strong commitments to school
» Positive connections with the community
» Involvement in pro-social activities
» Parental/Adult involvement in school and leisure activities
» High expectations from teachers

# Potential Risk Factors

### Individual Level (Internal)

» Antisocial beliefs
» Impulsivity
» Unemotional/Callous personality traits
» Early history of violence/delinquency
» Weapons use
» Substance abuse
» School failure

### Social Level (External)

» Family violence
» Substance abuse in the family
» Limited parental monitoring
» Inconsistent/Inappropriate disciplinary practices
» Low socio-economic status
» High-crime neighbourhood
» Delinquent peers
» Peer rejection
» Sense of alienation

ਇੰਡ ਗੈਂਗ ਲਾਈਫ.ਸੀਏ

## ਕੀ ਤੁਸੀਂ ਜਵਾਨਾਂ ਦੀ ਗੈਂਗਾਂ ਵਿਚ ਸ਼ਮੂਲੀਅਤ ਬਾਰੇ ਚਿੰਤਤ ਹੋ?

### ਸੰਪਰਕ:

ਕੰਬਾਈਂਡ ਫੋਰਸਸ

ਸਪੈਸ਼ਲ ਇਨਫੋਰਸਮੈਂਟ ਯੂਨਿਟ – ਬੀ ਸੀ

ਵੈੱਬ: www.cfseu.bc.ca

ਵੈੱਬ: www.endganglife.ca

ਈਮੇਲ: inquiries@cfseu.bc.ca

ਫੋਨ: 778-290-2040

ਬੀ ਸੀ ਕਰਾਈਮ ਸਟੌਪਰਜ਼

ਵੈੱਬ: www.bccrimestoppers.com

ਫੋਨ: 1-800-222-TIPS(8477)

ਯੂਥ ਅਗੇਂਸਟ ਵਾਇਲੈਂਸ ਲਾਈਨ

ਵੈੱਬ: www.youthagainstviolenceline.com

ਗੈਂਗ ਪਰਿਵੈਂਨਸ਼ਨ ਇਨ ਬੀ ਸੀ

ਵੈੱਬ: www.gangprevention.ca



## Concerned about youth involvement in gangs?

### Contact:

**THE COMBINED FORCES SPECIAL ENFORCEMENT UNIT—BC**

**WEB:** www.cfseu.bc.ca

**WEB:** www.endganglife.ca

**EMAIL:** inquiries@cfseu.bc.ca

**TEL:** 778-290-2040

**BC CRIME STOPPERS**

**WEB:** www.bccrimestoppers.com

**TEL:** 1-800-222-TIPS (8477)

**YOUTH AGAINST VIOLENCE LINE**

**WEB:** www.youthagainstviolenceline.com

**GANG PREVENTION IN BC**

**WEB:** www.gangprevention.ca

# ਏ ਟੀ - ਸੀ ਯੂ ਆਰ ਏ ਇਸ ਕਿਤਾਬਚੇ ਦੇ ਪੰਜਾਬੀ ਰੂਪ ਲਈ ਹੇਠ ਲਿਖੇ ਮੱਦਦਗਾਰਾਂ ਦਾ ਧੰਨਵਾਦੀ ਹੈ

## ਸਿੱਖ ਗੁਰਦਵਾਰੇ

» ਇੰਡੀਆ ਕਲਚਰਲ ਸੈਂਟਰ ਆਫ ਕਨੇਡੀਅਨ ਗੁਰਦਵਾਰਾ ਨਾਨਕ ਨਿਵਾਸ: 8600 ਨੰਬਰ 5 ਰੋਡ, ਰਿਚਮੰਡ, ਬੀ ਸੀ
» ਕਨੇਡੀਅਨ ਰਾਮਗੜ੍ਹੀਆ ਸੁਸਾਇਟੀ ਡੀ ਬੀ ਏ, ਗੁਰਦਵਾਰਾ ਸਾਹਿਬ ਬਰੁੱਕਸਾਈਡ ਟੈਂਪਲ: 8366-140 ਸਟਰੀਟ, ਸਰ੍ਹੀ ਬੀ ਸੀ
» ਗੁਰਦਵਾਰਾ ਦੁੱਖ ਨਿਵਾਰਨ ਸਾਹਿਬ ਸੁਸਾਇਟੀ: 15255 - 68 ਐਵਨਿਊ, ਸਰ੍ਹੀ ਬੀ ਸੀ
» ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ ਐਂਡ ਕਲਗੀਧਰ ਰਿਲੀਜਿਅੱਸ ਸੁਸਾਇਟੀ:12885 - 85 ਐਵਨਿਊ, ਸਰ੍ਹੀ ਬੀ ਸੀ
» ਗੁਰੂ ਨਾਨਕ ਸਿੱਖ ਗੁਰਦਵਾਰਾ (ਸਰ੍ਹੀ, ਬੀ ਸੀ): 7050-120 ਸਟਰੀਟ, ਸਰ੍ਹੀ ਬੀ ਸੀ
» ਅਕਾਲੀ ਸਿੰਘ ਸਿੱਖ ਸੁਸਾਇਟੀ: 1890 ਸਕੀਨਾ ਸਟਰੀਟ, ਵੈਨਕੂਵਰ, ਬੀ ਸੀ
» ਖਾਲਸਾ ਦੀਵਾਨ ਸੁਸਾਇਟੀ: 8000 ਰੌਸ ਸਟਰੀਟ, ਵੈਨਕੂਵਰ, ਬੀ ਸੀ
» ਗੁਰਦਵਾਰਾ ਖਾਲਸਾ ਦਰਬਾਰ (ਵੈਨਕੂਵਰ, ਬੀ ਸੀ): 7749 ਪਰਿੰਸ ਐਡਵਰਡ ਸਟਰੀਟ, ਵੈਨਕੂਵਰ, ਬੀ ਸੀ
» ਖਾਲਸਾ ਦੀਵਾਨ ਸੁਸਾਇਟੀ: 33094 ਸਾਊਥ ਫਰੇਜ਼ਰ ਵੇਅ, ਐਬਟਸਫੋਰਡ, ਬੀ ਸੀ
» ਗੁਰਦਵਾਰਾ ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ (ਐਬਟਸਫੋਰਡ, ਬੀ ਸੀ): 30640 ਬਲੂਰਿੱਜ ਡਰਾਈਵ, ਐਬਟਸਫੋਰਡ, ਬੀ ਸੀ
» ਮਿਸ਼ਨ ਗੁਰ ਸਿੱਖ ਸੁਸਾਇਟੀ: 32086 ਲਾਹੀਡ ਹਾਈਵੇਅ, ਮਿਸ਼ਨ, ਬੀ ਸੀ
» ਖਾਲਸਾ ਦੀਵਾਨ ਸੁਸਾਇਟੀ: 347 ਵੁੱਡ ਸਟਰੀਟ, ਨਿਊ ਵੈਸਟਮਿਨਸਟਰ, ਬੀ ਸੀ

## ਵਿਅਕਤੀ/ਕੰਪਨੀਆਂ

» ਅਮਨ ਇੰਟਰਪਰਾਈਜ਼ਜ਼ 1989 ਲਿਮਟਿਡ: ਪੀ ਓ ਬਾਕਸ 39 ਸਟੇਸ਼ਨ ਮੇਨ, ਸਰ੍ਹੀ ਬੀ ਸੀ
» ਸੰਘੇੜਾ ਸੰਧਰ ਲਾਅ ਗਰੁੱਪ: 203-7134 ਕਿੰਗ ਜਾਰਜ ਬੁਲਾਵਰਡ, ਸਰ੍ਹੀ ਬੀ ਸੀ
» ਖਾਲਸਾ ਕਰੈਡਿੱਟ ਯੂਨੀਅਨ: 8788-120 ਸਟਰੀਟ, ਸਰ੍ਹੀ ਬੀ ਸੀ
» ਏ ਐਮ-ਪੀ ਆਰ ਆਈ ਕੰਸਟਰਕੱਸ਼ਨ ਲਿਮਟਿਡ: 9751 ਨੰਬਰ 6 ਰੋਡ, ਰਿਚਮੰਡ, ਬੀ ਸੀ
» ਮੋਜ਼ੇਕ : 1720 ਗਰਾਂਟ ਸਟਰੀਟ, ਵੈਨਕੂਵਰ, ਬੀ ਸੀ



# AT-CURA Acknowledges the Following Sponsors of the Punjabi Version of This Booklet

## SIKH GURDWARAS

» **India Cultural Center of Canada Gurdwara Nanak Niwas:** 8600 No. 5 Rd., Richmond, BC
» **Canadian Ramgarhia Society DBA, Gurdwara Sahib Brookside Temple:** 8365-140 St., Surrey, BC
» **Gurdwara Dukh Nivaran Sahib Society:** 15255-68 Ave., Surrey, BC
» **Gurdwara Sahib Dasmesh Darbar & Kalgidhar Religious Society:** 12885-85 Ave., Surrey, BC
» **Guru Nanak Sikh Gurdwara (Surrey, BC):** 7050-120 St., Surrey BC
» **Akali Singh Sikh Society:** 1890 Skeena St., Vancouver, BC
» **Khalsa Diwan Society:** 8000 Ross St., Vancouver, BC
» **Gurdwara Khalsa Darbar (Vancouver, BC):** 7749 Prince Edward St., Vancouver, BC
» **Khalsa Diwan Society:** 33094 South Fraser Way, Abbotsford, BC
» **Gurdwara Baba Banda Singh Bahadar Society (Abbotsford, BC):** 31631 South Fraser Way, Abbotsford, BC
» **Gurdwara Sahib Kalgidhar Darbar (Abbotsford, BC):** 30640 Blueridge Drive, Abbotsford, BC
» **Mission Gur Sikh Society:** 32086 Lougheed Highway, Mission, BC
» **Khalsa Diwan Society:** 347 Wood St., New Westminster, BC

## INDIVIDUALS/COMPANIES

» **AMAN Enterprises 1989 LTD:** PO Box 39 Station Main, Surrey, BC
» **Sanghera Sandhar Law Group:** 203-7134 King George Blvd., Surrey, BC
» **Khalsa Credit Union:** 8788-120 St., Surrey, BC
» **AM-PRI Constructions Ltd.:** 9751 No. 6 Rd., Richmond, BC

ਇਸ ਕਿਤਾਬਚਾ ਨੂੰ ਐਕਟਿੰਗ ਟੂਗੈਦਰ-ਸੀ ਯੂ ਆਰ ਏ (CURA) ਪ੍ਰਾਜੈਕਟ ਰੀਸਰਚਰਜ਼, ਪੁਲਿਸ ਏਜੰਟਸ, ਸਰਵਿਸ ਪ੍ਰੋਵਾਇਡਰ, ਮਾਪਿਆਂ ਅਤੇ ਨੌਜਵਾਨਾਂ ਦੀ ਸਲਾਹ ਨਾਲ ਤਿਆਰ ਕੀਤਾ ਗਿਆ ਹੈ।

Booklet design: KPU Marketing Services



Social Sciences and Humanities Research Council of Canada

Conseil de recherches en sciences humaines du Canada

Canada

ਅਪ੍ਰੈਲ 2014

This booklet has been prepared in consultation with Acting Together-CURA project researchers, police agents, service providers, parents, and youth.

Booklet design: KPU Marketing Services



Social Sciences and Humanities Research Council of Canada

Conseil de recherches en sciences humaines du Canada

Canada

July 2014